# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਹਾਂਗ ਕਾਂਗ ਟੂਰਿਜ਼ਮ ਬੋਰਡ

ਹਾਂਗ ਕਾਂਗ ਟੂਰਿਜ਼ਮ ਬੋਰਡ ("HKTB") ਇੱਕ ਸਰਕਾਰ ਦੁਆਰਾ ਸੰਚਾਲਿਤ ਸੰਸਥਾ ਹੈ ਜੋ ਹਾਂਗ ਕਾਂਗ ਨੂੰ ਦੁਨੀਆ ਭਰ ਵਿੱਚ ਯਾਤਰਾ ਦੀ ਮੰਜ਼ਿਲ ਵਜੋਂ ਉਤਸ਼ਾਹਤ ਕਰਨ ਅਤੇ ਇਕ ਵਾਰ ਪਹੁੰਚਣ 'ਤੇ ਸੈਲਾਨੀਆਂ ਦੇ ਤਜ਼ਰਬੇ ਨੂੰ ਵਧਾਉਣ ਲਈ ਕੰਮ ਕਰਦਾ ਹੈ। HKTB ਲਈ ਦੁਨੀਆਂ ਭਰ ਦੇ ਲੋਕਾਂ ਅਤੇ ਸੈਲਾਨੀਆਂ ਦੇ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਉਹਨਾਂ ਦੀ ਆਪਣੀਆਂ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣਾ ਬਹੁਤ ਮਹੱਤਤਾ ਰੱਖਦਾ ਹੈ।

### (A) ਸੈਲਾਨੀ ਜਾਣਕਾਰੀ ਸੇਵਾਵਾਂ

**ਸਬੰਧਿਤ ਸੇਵਾਵਾਂ**

- HKTB ਦੇ ਸੈਲਾਨੀ ਕੇਂਦਰ ਲੋਕਾਂ ਅਤੇ ਸੈਲਾਨੀਆਂ ਨੂੰ ਸੈਰ-ਸਪਾਟਾ-ਸੰਬੰਧੀ ਜਾਣਕਾਰੀ ਅਤੇ ਸੇਵਾਵਾਂ ਦੀ ਇੱਕ ਵਿਆਪਕ ਲੜੀ ਪ੍ਰਦਾਨ ਕਰਨ ਲਈ ਵਚਨਬੱਧ ਹਨ।

**ਮੌਜੂਦਾ ਉਪਾਅ**

- ਸੈਲਾਨੀ ਕੇਂਦਰਾਂ ਵਿਚ ਵੰਡੇ ਗਏ HKTB ਦੇ ਪ੍ਰਕਾਸ਼ਨ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿਚ ਛਾਪੇ ਗਏ ਹਨ।
- ਜਦੋਂ ਕਿ HKTB ਦੀਆਂ ਸੇਵਾਵਾਂ ਮੁੱਖ ਤੌਰ 'ਤੇ ਪ੍ਰਮਾਣਕ ਸੈਲਾਨੀਆਂ ਨੂੰ ਟੀਚਾ ਬਣਾਉਂਦੀਆਂ ਹਨ, HKTB ਦਾ ਫਰੰਟਲਾਈਨ ਸਟਾਫ ਜ਼ਰੂਰਤ ਪੈਣ ਤੇ , ਕੌਂਸਲੇਟਾਂ ਤੋਂ ਜਾਂ ਘੱਟ ਗਿਣਤੀ ਲੋਕਾਂ ਦੀ ਤਰੱਕੀ ਅਤੇ ਵਾਧੇ ਲਈ ਕੇਂਦਰ ("CHEER") ਤੋਂ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਗਾਲੋਗ, ਥਾਈ, ਉਰਦੂ ਅਤੇ ਵੀਅਤਨਾਮੀ ਵਰਗੀਆਂ ਵਿਦੇਸ਼ੀ ਭਾਸ਼ਾਵਾਂ ਵਿੱਚ ਵਿਆਖਿਆ ਸੇਵਾਵਾਂ ਲਈ ਲੋੜੀਂਦੀ ਸਹਾਇਤਾ ਦੀ ਮੰਗ ਕਰ ਸਕਦਾ ਹੈ।

**ਭਵਿੱਖ ਦੇ ਕੰਮ ਦਾ ਮੁਲਾਂਕਣ**

- HKTB ਜਨਤਾ ਅਤੇ ਸੈਲਾਨੀਆਂ ਦੇ ਸੁਝਾਵਾਂ ਅਤੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦਿਆਂ, ਸਮੇਂ ਸਮੇਂ ਤੇ ਆਪਣੀਆਂ ਸੇਵਾਵਾਂ ਦਾ ਜਾਇਜ਼ਾ ਲੈਂਦਾ ਰਹੇਗਾ ਅਤੇ ਜ਼ਰੂਰੀ ਅਤੇ ਢੁੱਕਵੀਂ ਥਾਂ 'ਤੇ ਇਸ ਦੀਆਂ ਸੇਵਾਵਾਂ ਨੂੰ ਹੋਰ ਵਧਾਏਗਾ। HKTB ਵੱਖ ਵੱਖ ਜਾਤਾਂ ਦੇ ਲੋਕਾਂ ਤੋਂ ਭਾਸ਼ਾ ਸੇਵਾ ਦੀਆਂ ਜਰੂਰਤਾਂ ਨਾਲ ਸਬੰਧਿਤ ਅੰਕੜੇ ਵੀ ਇਕੱਤਰ ਕਰੇਗਾ, ਜਿਸਦੀ ਵਰਤੋਂ ਨਿਰੰਤਰ ਮੁਲਾਂਕਣ ਅਤੇ ਸੇਵਾ ਪ੍ਰਬੰਧਾਂ ਵਿੱਚ ਸੁਧਾਰ ਲਈ ਕੀਤਾ ਜਾਵੇਗਾ।

### (B) HKTB ਦੀ ਵੈੱਬਸਾਈਟ

**ਸਬੰਧਿਤ ਸੇਵਾਵਾਂ**

- HKTB ਲੋਕਾਂ ਨੂੰ ਅਤੇ ਸੈਲਾਨੀਆਂ ਨੂੰ HKTB ਦੀ ਵੈੱਬਸਾਈਟ (www.discoverhongkong.com) 'ਤੇ ਸੈਰ-ਸਪਾਟਾ, ਆਕਰਸ਼ਣ ਅਤੇ ਪ੍ਰੋਗਰਾਮਾਂ ਆਦਿ ਨਾਲ ਜੁੜੀ ਵਿਸਤਾਰ ਪੂਰਵਕ ਜਾਣਕਾਰੀ ਪ੍ਰਦਾਨ ਕਰਦਾ ਹੈ।

| | | |
|---|---|---|
| ਮੌਜੂਦਾ ਉਪਾਅ | • | HKTB ਦੀ ਵੈੱਬਸਾਈਟ ਚੀਨੀ ਅਤੇ ਅੰਗਰੇਜ਼ੀ ਦੋਵਾਂ ਅਤੇ ਹੋਰ ਭਾਸ਼ਾਵਾਂ ਵਿੱਚ ਹੈ।[1]. |
| ਭਵਿੱਖ ਦੇ ਕੰਮ ਦਾ ਮੁਲਾਂਕਣ | • | ਜਿੱਥੇ ਜ਼ਰੂਰੀ ਅਤੇ ਉਚਿਤ ਹੋਵੇਗਾ HKTB ਵੱਖ ਵੱਖ ਜਾਤਾਂ ਦੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਮੇਂ ਸਮੇਂ ਤੇ HKTB ਦੀ ਵੈਬਸਾਈਟ ਵਿੱਚ ਵਧੇਰੇ ਭਾਸ਼ਾਵਾਂ ਨੂੰ ਸ਼ਾਮਲ ਕਰਨ ਦੀਆਂ ਜ਼ਰੂਰਤਾਂ ਤੇ ਗੌਰ ਕਰਦਾ ਰਹੇਗਾ। HKTB ਵੱਖ ਵੱਖ ਜਾਤਾਂ ਦੇ ਲੋਕਾਂ ਤੋਂ ਭਾਸ਼ਾ ਸੇਵਾ ਦੀਆਂ ਜਰੂਰਤਾਂ ਨਾਲ ਸਬੰਧਿਤ ਅੰਕੜੇ ਵੀ ਇਕੱਤਰ ਕਰੇਗਾ, ਜਿਸਦੀ ਵਰਤੋਂ ਨਿਰੰਤਰ ਮੁਲਾਂਕਣ ਅਤੇ ਸੇਵਾ ਪ੍ਰਬੰਧਾਂ ਵਿੱਚ ਸੁਧਾਰ ਲਈ ਕੀਤਾ ਜਾਵੇਗਾ। |

(C) <u>ਫੰਡਿੰਗ ਸਕੀਮਾਂ</u>

| | | |
|---|---|---|
| ਸਬੰਧਿਤ ਸੇਵਾਵਾਂ | • | HKTB ਇਸ ਸਮੇਂ ਬਹੁਤ ਸਾਰੀਆਂ ਸਕੀਮਾਂ ਦਾ ਪ੍ਰਬੰਧਨ ਕਰਦਾ ਹੈ ਜੋ ਯੋਗ ਸੰਸਥਾਵਾਂ ਜਾਂ ਕੰਪਨੀਆਂ ਦੀਆਂ ਅਰਜ਼ੀਆਂ ਲਈ ਖੁੱਲੀਆਂ ਹਨ, ਜਿਵੇਂ ਕਿ ਸਥਾਨਕ ਸੈਰ-ਸਪਾਟਾ ਪ੍ਰੋਗਰਾਮਾਂ ਲਈ ਪ੍ਰਯੋਗਾਤਮਕ ਸਕੀਮ ਅਤੇ ਛੋਟੇ ਆਕਾਰ ਦੀਆਂ ਮੀਟਿੰਗਾਂ, ਉਤਸ਼ਾਹ ਅਤੇ ਸੰਮੇਲਨ ਗਰੁੱਪਾਂ ਲਈ ਫੰਡਿੰਗ ਸਹਾਇਤਾ। |
| ਮੌਜੂਦਾ ਉਪਾਅ | • | ਹਾਲਾਂਕਿ ਫੰਡਿੰਗ ਸਕੀਮਾਂ ਦੇ ਬਿਨੈਕਾਰ ਸੰਸਥਾਵਾਂ ਜਾਂ ਕੰਪਨੀਆਂ ਤੱਕ ਸੀਮਿਤ ਹਨ, HKTB ਦੀਆਂ ਸੇਵਾਵਾਂ ਨਸਲ ਦੇ ਸੰਬੰਧ ਵਿਚ ਨਿਰਪੱਖ ਹਨ ਅਤੇ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਵੰਡੀਆਂ ਜਾਂਦੀਆਂ ਹਨ। |
| | • | ਜ਼ਰੂਰਤ ਪੈਣ ਤੇ HKTB ਹੋਰ ਵਿਦੇਸ਼ੀ ਭਾਸ਼ਾਵਾਂ ਵਿੱਚ ਵਿਆਖਿਆ ਸੇਵਾਵਾਂ ਲਈ ਕੌਂਸਲੇਟਾਂ ਜਾਂ CHEER ਤੋਂ ਲੋੜੀਂਦੀ ਸਹਾਇਤਾ ਦੀ ਮੰਗ ਕਰ ਸਕਦਾ ਹੈ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • | HKTB ਮੌਜੂਦਾ ਉਪਾਵਾਂ ਨੂੰ ਲਾਗੂ ਕਰਨਾ ਜਾਰੀ ਰੱਖੇਗਾ, ਅਤੇ ਨਸਲ ਦੇ ਸੰਬੰਧ ਵਿੱਚ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਇਸਦੀ ਸੇਵਾ ਸਪੁਰਦਗੀ ਦਾ ਨਿਯਮਿਤ ਮੁਲਾਂਕਣ ਕਰੇਗਾ। HKTB ਵੱਖ ਵੱਖ ਜਾਤਾਂ ਦੇ ਲੋਕਾਂ ਤੋਂ ਭਾਸ਼ਾ ਸੇਵਾ ਦੀਆਂ ਜਰੂਰਤਾਂ ਨਾਲ ਸਬੰਧਿਤ ਅੰਕੜੇ ਵੀ ਇਕੱਤਰ ਕਰੇਗਾ, ਜਿਸਦੀ ਵਰਤੋਂ ਨਿਰੰਤਰ ਮੁਲਾਂਕਣ ਅਤੇ ਸੇਵਾ ਪ੍ਰਬੰਧਾਂ ਵਿੱਚ ਸੁਧਾਰ ਲਈ ਕੀਤਾ ਜਾਵੇਗਾ। |

(D) <u>ਗੁਣਵਤਾ ਟੂਰਿਜ਼ਮ ਸੇਵਾਵਾਂ ਸਕੀਮ</u>

| | | |
|---|---|---|
| ਸਬੰਧਿਤ ਸੇਵਾਵਾਂ | • | HKTB ਇਸ ਸਮੇਂ ਗੁਣਵਤਾ ਟੂਰਿਜ਼ਮ ਸੇਵਾਵਾਂ (“QTS”) ਸਕੀਮ ਦਾ ਪ੍ਰਬੰਧਨ ਕਰਦਾ ਹੈ, ਜੋ ਇੱਕ ਸੇਵਾ ਸਰਟੀਫਿਕੇਟ ਪ੍ਰੋਗਰਾਮ ਹੈ ਜਿਸਦੇ ਤਹਿਤ ਫੁਟਕਲ ਵਿਕ੍ਰੇਤਾ, ਰੈਸਟੋਰੈਂਟ ਅਤੇ ਸੈਲਾਨੀ ਨਿਵਾਸ ਵਧੀਆ ਟੂਰਿਜ਼ਮ ਸੇਵਾਵਾਂ ਪ੍ਰਦਾਨ ਕਰਦੇ ਹਨ, ਮੁਲਾਂਕਣ |

[1] ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ, ਐਚ ਕੇ ਟੀ ਬੀ ਦੀ ਵੈੱਬਸਾਈਟ ਤੇ 11 ਹੋਰ ਭਾਸ਼ਾਵਾਂ ਹਨ, ਜਿਨ੍ਹਾਂ ਵਿਚ ਅਰਬੀ, ਬਹਾਸਾ ਇੰਡੋਨੇਸ਼ੀਆ, ਬਹਾਸਾ ਮਲੇਸ਼ੀਆ, ਡੱਚ, ਜਰਮਨ, ਕੋਰੀਅਨ, ਫ੍ਰੈਂਚ, ਜਾਪਾਨੀ, ਰਸ਼ੀਅਨ, ਥਾਈ ਅਤੇ ਵੀਅਤਨਾਮੀ ਸ਼ਾਮਲ ਹਨ।

ਮਾਪਦੰਡਾਂ ਦੇ ਇੱਕ ਨਿਰਧਾਰਤ ਸਮੂਹ ਨੂੰ ਪੂਰਾ ਕਰਨ ਤੋਂ ਬਾਅਦ, ਸਕੀਮ ਦੇ ਅਧੀਨ QTS ਵਪਾਰੀ ਵਜੋਂ ਪ੍ਰਮਾਣਿਤ ਹੁੰਦੇ ਹਨ।

**ਮੌਜੂਦਾ ਉਪਾਅ**

- ਹਾਲਾਂਕਿ ਇਸ ਪ੍ਰੋਗਰਾਮ ਦੇ ਬਿਨੈਕਾਰ ਫੁਟਕਲ ਵਿਕ੍ਰੇਤਾਵਾਂ, ਰੈਸਟੋਰੈਂਟਾਂ ਅਤੇ ਸੈਲਾਨੀ ਨਿਵਾਸਾਂ ਤੱਕ ਸੀਮਿਤ ਹਨ, HKTB ਦੀਆਂ ਸੇਵਾਵਾਂ ਨਸਲ ਦੇ ਸੰਬੰਧ ਵਿਚ ਨਿਰਪੱਖ ਹਨ ਅਤੇ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਵੰਡੀਆਂ ਜਾਂਦੀਆਂ ਹਨ।
- ਜ਼ਰੂਰਤ ਪੈਣ ਤੇ HKTB ਹੋਰ ਵਿਦੇਸ਼ੀ ਭਾਸ਼ਾਵਾਂ ਵਿੱਚ ਵਿਆਖਿਆ ਸੇਵਾਵਾਂ ਲਈ ਕੌਂਸਲੇਟਾਂ ਜਾਂ CHEER ਤੋਂ ਲੋੜੀਂਦੀ ਸਹਾਇਤਾ ਦੀ ਮੰਗ ਕਰ ਸਕਦਾ ਹੈ।

**ਭਵਿੱਖ ਦੇ ਕੰਮ ਦਾ ਮੁਲਾਂਕਣ**

- HKTB ਮੌਜੂਦਾ ਉਪਾਵਾਂ ਨੂੰ ਲਾਗੂ ਕਰਨਾ ਜਾਰੀ ਰੱਖੇਗਾ, ਅਤੇ ਨਸਲ ਦੇ ਸੰਬੰਧ ਵਿੱਚ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਇਸਦੀ ਸੇਵਾ ਸਪੁਰਦਗੀ ਦਾ ਨਿਯਮਿਤ ਮੁਲਾਂਕਣ ਕਰੇਗਾ। HKTB ਵੱਖ ਵੱਖ ਜਾਤਾਂ ਦੇ ਲੋਕਾਂ ਤੋਂ ਭਾਸ਼ਾ ਸੇਵਾ ਦੀਆਂ ਜਰੂਰਤਾਂ ਨਾਲ ਸਬੰਧਿਤ ਅੰਕੜੇ ਵੀ ਇਕੱਤਰ ਕਰੇਗਾ, ਜਿਸਦੀ ਵਰਤੋਂ ਨਿਰੰਤਰ ਮੁਲਾਂਕਣ ਅਤੇ ਸੇਵਾ ਪ੍ਰਬੰਧਾਂ ਵਿੱਚ ਸੁਧਾਰ ਲਈ ਕੀਤਾ ਜਾਵੇਗਾ।

## (E) ਟ੍ਰੇਨਿੰਗ

**ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ**

- HKTB ਨਸਲੀ ਬਰਾਬਰਤਾ ਦੇ ਮਾਮਲਿਆਂ ਬਾਰੇ ਕਰਮਚਾਰੀਆਂ ਦੀ ਸਮਝ ਵਧਾਉਣ ਲਈ ਨਸਲੀ ਬਰਾਬਰਤਾ 'ਤੇ ਆਪਣੇ ਕਰਮਚਾਰੀਆਂ ਲਈ ਸਿਖਲਾਈ ਦਾ ਪ੍ਰਬੰਧ ਕਰਦਾ ਹੈ।

ਪੁੱਛ-ਗਿੱਛ ਲਈ, ਕਿਰਪਾ ਕਰਕੇ ਹੇਠ ਦਿੱਤੇ ਮਾਧਿਅਮਾਂ ਰਾਹੀਂ ਸਾਡੇ ਨਾਲ ਸੰਪਰਕ ਕਰੋ:

| | |
|---|---|
| ਟੈਲੀਫੋਨ: | ਸੈਲਾਨੀ ਸੇਵਾਵਾਂ ਅਫਸਰ:<br>2508 1234 (ਉਪਭੋਗਤਾ ਪੁੱਛ-ਗਿੱਛ ਅਤੇ ਸੈਰ-ਸਪਾਟਾ ਬਾਰੇ ਫੀਡਬੈਕ);<br>ਅਧਿਕਾਰੀ, ਮਨੁੱਖੀ ਸਰੋਤ:<br>2807 6361 (ਹੋਰ ਪੁੱਛ-ਗਿੱਛ) |
| ਫੈਕਸ: | 2503 6114 |
| ਈਮੇਲ: | info@hktb.com |
| ਵੈੱਬਸਾਈਟ: | https://www.discoverhongkong.com/eng/contact-us.html |
| ਡਾਕ ਲਈ ਪਤਾ: | 11/F, Citicorp Centre, 18 Whitfield Road. North Point, Hong Kong |

**ਹਾਂਗ ਕਾਂਗ ਟੂਰਿਜ਼ਮ ਬੋਰਡ**
**ਮਈ 2020**